ਇਹੁ ਹਮਾਰਾ ਜੀਵਣਾ

12.7.97

# ਆਦਰਸ਼ ਸਕੂਲ ਅਤੇ ਗਰੀਬਾਂ ਦੇ ਬੱਚੇ

ਗੁਰਸ਼ਰਨ ਸਿੰਘ

ਕੁਝ ਗੱਲਾਂ ਦਾ ਅਹਿਸਾਸ ਤਾਂ ਜ਼ਰੂਰ ਹੋ ਜਾਂਦਾ ਹੈ, ਪਰ ਉਸ ਅਹਿਸਾਸ ਨੂੰ ਹੋਰ ਸ਼ਕਤੀ ਮਿਲਦੀ ਹੈ, ਜੇ ਅੰਕੜੇ ਵੀ ਉਸ ਅਹਿਸਾਸ ਨੂੰ ਸਾਬਤ ਕਰਨ। ਜਦੋਂ ਦੀ ਆਦਰਸ਼ ਸਕੂਲਾਂ ਦੀ ਸਕੀਮ ਦੀ ਗੱਲ ਬਾਦਲ ਹੋਰਾਂ ਵਲੋਂ ਤੋਰੀ ਗਈ, ਇਹ ਅਹਿਸਾਸ ਤਾਂ ਸੀ ਕਿ ਬਾਦਲ ਸਾਹਿਬ ਦੇ ਸੰਕਲਪ ਦੀਆਂ ਬਹੁਤ ਸਾਰੀਆਂ ਸਕੀਮਾਂ ਵਾਂਗ ਇਹ ਸਕੀਮ ਵੀ ਮੁੱਖ ਤੌਰ ਤੇ ਗਰੀਬ ਦੁਸ਼ਮਣ ਹੀ ਸਾਬਤ ਹੋਵੇਗੀ ਭਾਵੇਂ ਇਸ ਦਾ ਨਿਸ਼ਾਨਾ ਇਹੀ ਦੱਸਿਆ ਜਾਏਗਾ ਕਿ ਇਹ ਪੇਂਡੂ ਬੱਚਿਆਂ ਦੇ ਪੜ੍ਹਾਈ ਦੇ ਮਿਆਰ ਨੂੰ ਚੁੱਕਣ ਲਈ ਹੈ ਤੇ ਸਮੁੱਚੇ ਪੰਜਾਬ ਦੇ ਪੜ੍ਹਾਈ ਦੇ ਮਿਆਰ ਨੂੰ ਉੱਚਾ ਕਰੇਗੀ, ਜਿਸ ਦੀ ਬਹੁਤੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ ਪ੍ਰੋ. ਹਰਕ੍ਰਿਸ਼ਨ ਸਿੰਘ ਮਹਿਤਾ ਨੇ 6 ਜੁਲਾਈ ਨੂੰ ਪੰਜਾਬੀ ਟ੍ਰਿਬਿਊਨ ਵਿਚ ਇਕ ਲੇਖ 'ਵਿਦਿਆ ਵਿਕਾਸ ਤੇ ਆਦਰਸ਼ ਸਕੂਲ, ਵਿਚ ਅੰਕੜਿਆਂ ਨਾਲ ਇਹ ਸਾਬਤ ਕੀਤਾ ਹੈ ਕਿ ਸਾਧਾਰਨ ਲੋਕਾਂ ਦੇ ਬੱਚਿਆਂ ਲਈ ਇਹ ਆਦਰਸ਼ ਸਕੂਲਾਂ ਦੀ ਸਕੀਮ ਕਿਸ ਤਰ੍ਹਾਂ ਹਾਨੀਕਾਰਕ ਹੈ।

ਹੁਣ ਇਹ ਤਾਂ ਇਕ ਸਥਾਪਤ ਸਚਾਈ ਹੈ ਕਿ ਸਰਕਾਰੀ ਸਕੂਲਾਂ ਦਾ ਪ੍ਰਬੰਧ ਹਰ ਦਿਨ ਨਾਕਸ ਤੋਂ ਨਾਕਸ ਹੁੰਦਾ ਜਾ ਰਿਹਾ ਹੈ ਤੇ ਇਹਦਾ ਨੁਕਸਾਨ ਗਰੀਬਾਂ ਦੇ ਬੱਚਿਆਂ ਨੂੰ ਹੀ ਹੋਣਾ ਹੈ। ਰੱਜੇ ਪੁੱਜੇ ਲੋਕਾਂ ਨੇ ਤੇ ਆਪਣੇ ਬੱਚੇ ਪਬਲਿਕ ਸਕੂਲਾਂ ਵਿਚ ਭੇਜ ਦੇਣੇ ਹਨ। ਪਬਲਿਕ ਸਕੂਲਾਂ ਦੇ ਪੱਖ ਵਿਚ ਇਹ ਗੱਲ ਜਾਂਦੀ ਹੈ ਕਿ ਉਨ੍ਹਾਂ ਨੇ ਆਦਰਸ਼ ਸਕੂਲਾਂ ਦੇ ਉਲਟ ਪੈਸਾ ਸਰਕਾਰੀ ਬਜਟ ਵਿਚੋਂ ਨਹੀਂ ਲੈਣਾ। ਆਦਰਸ਼ ਸਕੂਲਾਂ ਨੇ ਤਾਂ ਸਭ ਕੁਝ ਸਰਕਾਰੀ ਬਜਟ ਵਿਚੋਂ ਹੀ ਲੈਣਾ ਹੈ ਅਤੇ ਜੋ ਕੁਝ ਵੀ ਲੈਣਾ ਹੈ ਉਹ ਕੁਝ ਵਿਦਿਆ ਦੇ ਬਜਟ ਵਿਚੋਂ ਸਾਧਾਰਨ ਸਰਕਾਰੀ ਸਕੂਲਾਂ ਦੇ ਹਿੱਸੇ ਦਾ ਹੀ ਲੈਣਾ ਹੈ। 137 ਆਦਰਸ਼ ਸਕੂਲਾਂ ਵਿਚ ਕੁਲ ਮਿਆਰ ਭਾਵੇਂ ਉੱਪਰ ਉੱਠ ਜਾਵੇ ਪਰ ਬਾਕੀ ਦੇ 13 ਹਜ਼ਾਰ ਸਕੂਲਾਂ ਦਾ ਕੌਣ ਵਾਲੀਵਾਰਸ ਹੋਵੇਗਾ? ਬਜਟ ਦੱਸਦਾ ਹੈ ਕਿ 2444 ਪ੍ਰਾਇਮਰੀ ਸਕੂਲਾਂ ਵਿਚ ਹੈੱਡ ਟੀਚਰ ਭੇਜਣ ਲਈ ਬਜਟ ਵਿਚ ਪੈਸੇ ਨਹੀਂ ਪਰ 137 ਆਦਰਸ਼ ਸਕੂਲਾਂ ਲਈ 25 ਕਰੋੜ ਰੁਪਏ ਜ਼ਰੂਰ ਹਨ।

> ਹੁਣ ਇਹ ਤਾਂ ਇਕ ਸਥਾਪਤ ਸਚਾਈ ਹੈ ਕਿ ਸਰਕਾਰੀ ਸਕੂਲਾਂ ਦਾ ਪ੍ਰਬੰਧ ਹਰ ਦਿਨ ਨਾਕਸ ਤੋਂ ਨਾਕਸ ਹੁੰਦਾ ਜਾ ਰਿਹਾ ਹੈ ਤੇ ਇਹਦਾ ਨੁਕਸਾਨ ਗਰੀਬਾਂ ਦੇ ਬੱਚਿਆਂ ਨੂੰ ਹੀ ਹੋਣਾ ਹੈ। ਰੱਜੇ ਪੁੱਜੇ ਲੋਕਾਂ ਨੇ ਤੇ ਆਪਣੇ ਬੱਚੇ ਪਬਲਿਕ ਸਕੂਲਾਂ ਵਿਚ ਭੇਜ ਦੇਣੇ ਹਨ। ਪਬਲਿਕ ਸਕੂਲਾਂ ਦੇ ਪੱਖ ਵਿਚ ਇਹ ਗੱਲ ਜਾਂਦੀ ਹੈ ਕਿ ਉਨ੍ਹਾਂ ਨੇ ਆਦਰਸ਼ ਸਕੂਲਾਂ ਦੇ ਉਲਟ ਪੈਸਾ ਸਰਕਾਰੀ ਬਜਟ ਵਿਚੋਂ ਨਹੀਂ ਲੈਣਾ। ਆਦਰਸ਼ ਸਕੂਲਾਂ ਨੇ ਤਾਂ ਸਭ ਕੁਝ ਸਰਕਾਰੀ ਬਜਟ ਵਿਚੋਂ ਹੀ ਲੈਣਾ ਹੈ ਅਤੇ ਜੋ ਕੁਝ ਵੀ ਲੈਣਾ ਹੈ ਉਹ ਕੁਝ ਵਿਦਿਆ ਦੇ ਬਜਟ ਵਿਚੋਂ ਸਾਧਾਰਨ ਸਰਕਾਰੀ ਸਕੂਲਾਂ ਦੇ ਹਿੱਸੇ ਦਾ ਹੀ ਲੈਣਾ ਹੈ।

ਕੈਪਟਨ ਕੰਵਲਜੀਤ ਸਿੰਘ ਨੇ ਮੁਕਾਬਲੇ ਵਿਚ 1997-98 ਦਾ ਵਿਦਿਆ ਦਾ ਬਜਟ 64.51 ਤੋਂ 84.48 ਕਰੋੜ ਰੱਖਿਆ ਗਿਆ ਹੈ।

ਜੇ ਇਸ ਵਿਚੋਂ 25 ਕਰੋੜ ਆਦਰਸ਼ ਸਕੂਲਾਂ ਵਾਲਾ ਧਿਆਨ ਵਿਚ ਰੱਖਿਆ ਜਾਵੇ ਤਾਂ ਸਾਧਾਰਨ ਸਕੂਲਾਂ ਲਈ 59.48 ਕਰੋੜ ਰਹਿ ਜਾਂਦਾ ਹੈ। ਯਾਨੀ ਸਾਧਾਰਨ ਸਕੂਲਾਂ ਦਾ ਬਜਟ 5.03 ਕਰੋੜ ਘਟ ਗਿਆ। ਸਮਾਜਿਕ ਬੇਇਨਸਾਫ਼ੀ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ? ਇਕ ਲੱਖ ਬੱਚਿਆਂ ਦੇ ਹਿੱਤ ਵਿਚ 19 ਲੱਖ ਬੱਚਿਆਂ ਦਾ ਨੁਕਸਾਨ ਕੀਤਾ ਜਾਵੇ।

ਆਦਰਸ਼ ਸਕੂਲ ਖੋਲ੍ਹਣ ਦਾ ਇਕ ਹੋਰ ਵਿਦਿਅਕ ਪਹਿਲੂ ਵੀ ਬਹੁਤ ਅਹਿਮ ਹੈ। ਜੇ ਸਾਰੇ ਚੰਗੇ ਚੰਗੇ ਅਧਿਆਪਕ ਤੇ ਵਿਦਿਆਰਥੀ ਆਦਰਸ਼ ਸਕੂਲਾਂ ਵਿਚ ਚਲੇ ਗਏ ਤਾਂ ਬਾਕੀ ਸਕੂਲਾਂ ਦੇ ਵਿਦਿਆ ਦੇ ਮਿਆਰ ਦਾ ਕੌਣ ਰਾਖਾ ਹੋਵੇਗਾ? ਜਿਸ ਤਰ੍ਹਾਂ ਉੱਤੇ ਦੱਸਿਆ ਗਿਆ ਹੈ, ਇਹ ਸਾਫ਼ ਹੈ ਕਿ ਇਕ ਲੱਖ ਵਿਸ਼ੇਸ਼ ਵਿਦਿਆਰਥੀਆਂ ਲਈ 19 ਲੱਖ ਸਾਧਾਰਨ ਵਿਦਿਆਰਥੀਆਂ ਦੇ ਹਿੱਤ ਕੁਰਬਾਨ ਕਰ ਦਿੱਤੇ ਜਾਣਗੇ।

ਪ੍ਰੋ. ਹਰਕਿਸ਼ਨ ਸਿੰਘ ਮਹਿਤਾ ਦੇ ਲੇਖ ਤੇ ਹੋਰ ਲੇਖ ਜੋ ਇਸ ਸਬੰਧ ਵਿਚ ਆ ਰਹੇ ਹਨ, ਖਾਸ ਕਰਕੇ ਡਾ. ਅਨੂਪ ਸਿੰਘ ਦੇ ਲੇਖ, ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਦੇ ਵਿਰੁੱਧ ਆਵਾਜ਼ ਕੌਣ ਉਠਾਏਗਾ? ਇਥੇ ਹੀ ਸਾਰੀ ਵਰਗ-ਸਿਆਸਤ ਦੀ ਗੱਲ ਆਂਦੀ ਹੈ। ਰੂਸ ਦੇ ਢਹਿ-ਢੇਰੀ ਹੋਣ ਤੋਂ ਬਾਅਦ ਹੁਣ ਉਤਲੇ ਵਰਗ ਨੂੰ ਮੌਕਾ ਵੀ ਮਿਲ ਗਿਆ ਹੈ ਤੇ ਸ਼ਹਿ ਵੀ ਮਿਲ ਗਈ ਹੈ ਕਿ ਉਹ ਵਰਗ-ਸਿਆਸਤ 'ਤੇ ਹੋਛੇ ਹਮਲੇ ਕਰਨ ਤੇ ਬਹੁਤ ਵਾਰੀ ਖੱਬੀ ਧਿਰ ਦੇ ਬੁੱਧੀਜੀਵੀ ਉਹਨਾਂ ਦਾ ਜ਼ੋਰਦਾਰ ਜਵਾਬ ਦੇਣ ਤੋਂ ਸੰਕੋਚ ਕਰਦੇ ਹਨ, ਖਾਸ ਕਰਕੇ ਵਰਗ-ਸਿਆਸਤ ਦੇ ਦ੍ਰਿਸ਼ਟੀਕੋਣ ਤੋਂ। ਇਹ ਸਾਫ਼ ਹੈ ਕਿ ਮੌਜੂਦਾ ਸਾਰਾ ਪ੍ਰਬੰਧ ਉਤਲੇ ਵਰਗ ਦੇ ਹਿੱਤ ਵਿਚ ਹੀ ਭੁਗਤ ਰਿਹਾ ਹੈ ਤੇ ਵਰਗ-ਸਿਆਸਤ ਨੂੰ ਵਿਚ ਲਿਆਏ ਬਗੈਰ ਇਸ ਸਿਸਟਮ ਦਾ ਖੰਡਨ ਨਹੀਂ ਕੀਤਾ ਜਾ ਸਕਦਾ।

ਸਮਾਂ ਆ ਗਿਆ ਹੈ ਕਿ ਗਰੀਬ ਵਰਗ, ਜਿਸ ਵਿਚ ਦਲਿਤ ਵੀ ਹਨ (ਬਹੁਤੇ) ਤੇ ਗੈਰ-ਦਲਿਤ ਵੀ ਹਨ, ਇਸ ਸਾਰੇ ਵਰਤਾਰੇ ਨੂੰ ਸਮਝਣ। ਅਵਾਮੀ ਜਥੇਬੰਦੀਆਂ, ਜਿਨ੍ਹਾਂ ਵਿਚ ਨੌਜਵਾਨਾਂ ਦੀਆਂ, ਵਿਦਿਆਰਥੀਆਂ ਦੀਆਂ ਅਤੇ ਅਧਿਆਪਕਾਂ ਦੀਆਂ ਜਥੇਬੰਦੀਆਂ ਸ਼ਾਮਲ ਹਨ, ਲੋਕਾਂ ਵਿਚ ਲਾਮਬੰਦੀ ਨਾਲ ਇਸ ਆਦਰਸ਼ ਸਕੂਲਾਂ ਦੇ ਸੰਕਲਪ ਵਿਰੁੱਧ ਇਕ ਜ਼ੋਰਦਾਰ ਆਵਾਜ਼ ਉਠਾਉਣ। ਇਹ ਸਮੇਂ ਦੀ ਲੋੜ ਹੈ। ਇਹ ਵਰਗ-ਸਿਆਸਤ ਦੀ ਲੋੜ ਹੈ।